Memorial Sloan Kettering Cancer Center

ਮਰੀਜ਼ ਅਤੇ ਦੇਖਭਾਲ ਕਰਤਾ ਦੀ ਸਿੱਖਿਆ


# ਆਪਣੀ ਲੈਰਿੰਜੈਕਟੋਮੀ ਸਟੋਮਾ ਦੀ ਦੇਖਭਾਲ

ਇਹ ਜਾਣਕਾਰੀ ਦੱਸਦੀ ਹੈ ਕਿ ਆਪਣੀ ਲੈਰਿੰਜੈਕਟੋਮੀ ਸਟੋਮਾ ਦੀ ਸਕਸ਼ਨ ਕਿਵੇਂ ਕਰਨੀ ਹੈ ਅਤੇ ਆਪਣੀ ਲੈਰਿੰਜੈਕਟੋਮੀ ਟਿਊਬ ਨੂੰ ਕਿਵੇਂ ਸਾਫ਼ ਕਰਨਾ ਹੈ।

ਤੁਹਾਡੇ ਲਈ ਸਾਹ ਲੈਣ ਦਾ ਰਸਤਾ ਖੁੱਲ੍ਹਾ ਰੱਖਣਾ ਬਹੁਤ ਜ਼ਰੂਰੀ ਹੈ ਤਾਂ ਜੋ ਤੁਸੀਂ ਠੀਕ ਤਰ੍ਹਾਂ ਸਾਹ ਲੈ ਸਕੋ। ਤੁਹਾਡੇ ਸਟੋਮਾ ਦੀ ਸਕਸ਼ਨ ਕਰਨ ਨਾਲ ਇਹ ਰਸਾਵ ਤੋਂ ਮੁਕਤ ਰਹੇਗਾ ਅਤੇ ਹਵਾ ਤੁਹਾਡੇ ਫੇਫੜਿਆਂ ਵਿੱਚ ਆਸਾਨੀ ਨਾਲ ਅੰਦਰ-ਬਾਹਰ ਜਾ ਸਕੇਗੀ। ਤੁਹਾਡੀ ਨਰਸ ਤੁਹਾਨੂੰ ਸਿਖਾਏਗੀ ਕਿ ਆਪਣੇ ਸਟੋਮਾ ਦੀ ਸਕਸ਼ਨ ਕਿਵੇਂ ਅਤੇ ਕਿੰਨੀ ਵਾਰ ਕਰਨੀ ਹੈ।

## ਆਪਣੀ ਲੈਰਿੰਜੈਕਟੋਮੀ ਸਟੋਮਾ ਦੀ ਸਕਸ਼ਨ ਕਿਵੇਂ ਕਰਨੀ ਹੈ

1. ਆਪਣੀਆਂ ਸਪਲਾਈਆਂ ਇਕੱਠੀਆਂ ਕਰੋ। ਤੁਹਾਨੂੰ ਲੋੜ ਪਵੇਗੀ:
    - ਪਲਾਸਟਿਕ ਟਿਊਬਿ ਵਾਲੀ ਸਕਸ਼ਨ ਮਸ਼ੀਨ
    - ਇੱਕ ਸਕਸ਼ਨ ਕੈਥੇਟਰ (ਪਤਲੀ ਨਲੀ)
    - ਪਾਣੀ ਨਾਲ ਭਰਿਆ ਇੱਕ ਕਟੋਰਾ ਜਾਂ ਵੱਡਾ ਕੱਪ
    - ਇੱਕ ਸ਼ੀਸ਼ਾ
    - ਇੱਕ ਸਾਫ਼ ਅਤੇ ਸੁੱਕਾ ਕੱਪੜਾ ਜਾਂ ਕਾਗਜ਼ੀ ਤੌਲੀਆ (ਜਦੋਂ ਤੁਸੀਂ ਘਰ ਵਿੱਚ ਹੋਵੋ)
    - ਸਾਫ਼ ਅਤੇ ਸੁੱਕੇ ਗੌਜ਼ ਪੈਡ (ਜਦੋਂ ਤੁਸੀਂ ਹਸਪਤਾਲ ਵਿੱਚ ਹੋਵੋ)
2. ਸਾਬਣ ਅਤੇ ਪਾਣੀ ਨਾਲ ਆਪਣੇ ਹੱਥ ਚੰਗੀ ਤਰ੍ਹਾਂ ਧੋਵੋ।
3. ਸਕਸ਼ਨ ਕੈਥੇਟਰ ਨੂੰ ਸਕਸ਼ਨ ਮਸ਼ੀਨ ਦੀ ਪਲਾਸਟਿਕ ਟਿਊਬਿੰਗ ਨਾਲ ਜੋੜੋ।
4. ਸ਼ੀਸ਼ੇ ਨੂੰ ਇਸ ਤਰ੍ਹਾਂ ਰੱਖੋ ਕਿ ਤੁਸੀਂ ਆਪਣੇ ਲੈਰਿੰਜੈਕਟੋਮੀ ਸਟੋਮਾ ਦਾ ਖੁੱਲ੍ਹਾ ਹਿੱਸਾ ਦੇਖ ਸਕੋ।
5. ਸਕਸ਼ਨ ਮਸ਼ੀਨ ਚਾਲੂ ਕਰੋ। (ਜੇ ਤੁਸੀਂ ਹਸਪਤਾਲ ਵਿੱਚ ਹੋ, ਤਾਂ ਸਕਸ਼ਨ ਮਸ਼ੀਨ ਚਾਲੂ ਕਰਨ ਦੀ ਬਜਾਏ ਸਕਸ਼ਨ ਟਿਊਬਿੰਗ ਉੱਤੇ ਲੱਗੀ ਕਲੈਂਪ ਖੋਲ੍ਹੋ)। ਸਕਸ਼ਨ ਨੂੰ ਰੋਕਣ ਲਈ ਕੈਥੇਟਰ ਨੂੰ ਆਪਣੇ ਅੰਗੂਠੇ ਅਤੇ ਪਹਿਲੀ ਉਂਗਲੀ ਵਿਚਕਾਰ ਦਬਾ ਕੇ ਰੱਖੋ।
6. ਰਸਾਵ ਨੂੰ ਬਾਹਰ ਲਿਆਉਣ ਲਈ ਡੂੰਘੀ ਖੰਘ ਕਰੋ।
7. ਸਕਸ਼ਨ ਕੈਥੇਟਰ ਨੂੰ ਦਬਾ ਕੇ ਰੱਖੋ। ਕੈਥੇਟਰ ਨੂੰ ਆਪਣੇ ਸਟੋਮਾ ਦੇ ਅੰਦਰ ਲਗਭਗ 3 ਤੋਂ 5 ਇੰਚ (8 ਤੋਂ 13 ਸੈਂਟੀਮੀਟਰ) ਤੱਕ ਪਾਓ (ਚਿੱਤਰ 1 ਵੇਖੋ)।




ਚਿੱਤਰ 1. ਆਪਣੇ ਸਟੋਮਾ ਦੀ ਸਕਸ਼ਨ ਕਰਨਾ

8. ਸਕਸ਼ਨ ਸ਼ੁਰੂ ਕਰਨ ਲਈ ਕੈਥੇਟਰ ਨੂੰ ਦਬਾਉਣਾ ਛੱਡ ਦਿਓ। 5 ਤੋਂ 10 ਸਕਿੰਟਾਂ ਤੱਕ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਸਕਸ਼ਨ ਕਰੋ। ਕੈਥੇਟਰ ਨੂੰ ਆਪਣੀ ਸ਼ਵਾਸ ਨਲੀ (ਟ੍ਰੈਕੀਆ) ਵਿੱਚ 10 ਸਕਿੰਟਾਂ ਤੋਂ ਵੱਧ ਸਮੇਂ ਲਈ ਨਾ ਰੱਖੋ। ਇਸ ਨੂੰ ਬਹੁਤ ਦੇਰ ਤੱਕ ਅੰਦਰ ਰੱਖਣ ਨਾਲ ਸਾਹ ਚੜ੍ਹ ਸਕਦਾ ਹੈ।
9. ਕੈਥੇਟਰ ਨੂੰ ਘੁਮਾਉਂਦੇ ਹੋਏ ਹੌਲੀ-ਹੌਲੀ ਆਪਣੇ ਸਟੋਮਾ ਵਿਚੋਂ ਬਾਹਰ ਕੱਢੋ। ਕੈਥੇਟਰ ਨੂੰ ਘੁਮਾਉਣ ਨਾਲ ਇਹ ਤੁਹਾਡੇ ਟ੍ਰੈਕੀਆ ਅਤੇ ਸਟੋਮਾ ਦੇ ਹਰ ਪਾਸੇ ਤੋਂ ਰਸਾਵ ਨੂੰ ਬਾਹਰ ਖਿੱਚਣ ਵਿੱਚ ਮਦਦ ਕਰਦਾ ਹੈ।
10. ਸਕਸ਼ਨ ਕੈਥੇਟਰ ਦੇ ਬਾਹਰਲੇ ਹਿੱਸੇ ਉੱਤੇ ਲੱਗੇ ਰਸਾਵ ਨੂੰ ਇੱਕ ਸਾਫ਼ ਅਤੇ ਸੁੱਕੇ ਕੱਪੜੇ ਜਾਂ ਕਾਗਜ਼ੀ ਤੌਲੀਏ ਨਾਲ ਪੂੰਝ ਦਿਓ। (ਜੇ ਤੁਸੀਂ ਹਸਪਤਾਲ ਵਿੱਚ ਹੋ, ਤਾਂ ਇਸ ਦੀ ਜਗ੍ਹਾ ਸੁੱਕੇ ਗੌਜ਼ ਪੈਡ ਵਰਤੋ)।
11. ਸਕਸ਼ਨ ਕੈਥੇਟਰ ਵਿਚੋਂ ਪਾਣੀ ਦੀ ਸਕਸ਼ਨ ਕਰਕੇ ਇਸ ਦੇ ਅੰਦਰਲੇ ਰਸਾਵ ਨੂੰ ਸਾਫ਼ ਕਰੋ।
12. ਜੇ ਤੁਹਾਨੂੰ ਲੱਗਦਾ ਹੈ ਕਿ ਅਜੇ ਹੋਰ ਰਸਾਵ ਬਾਹਰ ਕੱਢਣ ਦੀ ਲੋੜ ਹੈ, ਤਾਂ ਇਹ ਕਦਮ ਦੁਬਾਰਾ ਦੁਹਰਾਓ। ਜੇ ਤੁਹਾਨੂੰ ਸਕਸ਼ਨ 2 ਜਾਂ 3 ਵਾਰ ਤੋਂ ਵੱਧ ਦੁਹਰਾਉਣ ਦੀ ਲੋੜ ਪਵੇ, ਤਾਂ ਦੁਬਾਰਾ ਸ਼ੁਰੂ ਕਰਨ ਤੋਂ ਪਹਿਲਾਂ ਕੁਝ ਮਿੰਟ ਆਰਾਮ ਕਰੋ।

ਇਹ ਸਭ ਕਰਨ ਤੋਂ ਬਾਅਦ:

1. ਇਹ ਪੱਕਾ ਕਰੋ ਕਿ ਸਕਸ਼ਨ ਕੈਥੇਟਰ ਅਤੇ ਪਲਾਸਟਿਕ ਟਿਊਬ ਸਾਫ਼ ਹਨ। ਲੋੜ ਪੈਣ ’ਤੇ, ਇਨ੍ਹਾਂ ਦੇ ਬਾਹਰਲੇ ਹਿੱਸੇ ਨੂੰ ਧੋ ਕੇ ਪੂੰਝੋ ਅਤੇ ਅੰਦਰਲੇ ਹਿੱਸੇ ਨੂੰ ਸਾਫ਼ ਕਰਨ ਲਈ ਇਨ੍ਹਾਂ ਵਿਚੋਂ ਪਾਣੀ ਦੀ ਸਕਸ਼ਨ ਕਰੋ।
2. ਸਕਸ਼ਨ ਕੈਥੇਟਰ ਨੂੰ ਸਕਸ਼ਨ ਮਸ਼ੀਨ ਦੀ ਪਲਾਸਟਿਕ ਟਿਊਬਿੰਗ ਤੋਂ ਵੱਖ ਕਰ ਦਿਓ।


3. ਸਕਸ਼ਨ ਕੈਥੇਟਰ ਨੂੰ ਸੁੱਕੇ ਕੱਪੜੇ ਜਾਂ ਕਾਗਜ਼ੀ ਤੌਲੀਏ ਉੱਤੇ ਰੱਖੋ।
4. ਜੇ ਤੁਸੀਂ ਘਰ ਵਿੱਚ ਹੋ, ਤਾਂ ਸਕਸ਼ਨ ਮਸ਼ੀਨ ਦੇ ਅੰਦਰ ਇਕੱਠੇ ਹੋਏ ਰਸਾਵ ਨੂੰ ਟਾਇਲਟ ਵਿੱਚ ਖਾਲੀ ਕਰ ਦਿਓ। ਇਸ ਨੂੰ ਸਿੰਕ ਵਿੱਚ ਖਾਲੀ ਨਾ ਕਰੋ। ਕਿਉਂਕਿ ਇਸ ਕਰਕੇ ਨਾਲੀ ਜਾਮ ਹੋ ਸਕਦੀ ਹੈ। ਹਸਪਤਾਲ ਵਿੱਚ, ਸਟਾਫ ਦਾ ਕੋਈ ਮੈਂਬਰ ਤੁਹਾਡੇ ਲਈ ਇਹ ਕੰਮ ਕਰੇਗਾ।

ਜਦੋਂ ਤੁਸੀਂ ਘਰ ਵਿੱਚ ਹੋਵੋ, ਤਾਂ ਸਕਸ਼ਨ ਕੈਥੇਟਰ ਨੂੰ ਹਰ ਹਫ਼ਤੇ ਬਦਲੋ ਜਾਂ ਜੇ ਇਹ ਗੰਦਾ ਜਾਂ ਬੰਦ ਹੋ ਜਾਵੇ, ਤਾਂ ਇਸ ਤੋਂ ਵੀ ਜ਼ਿਆਦਾ ਵਾਰ ਬਦਲੋ। ਹਸਪਤਾਲ ਵਿੱਚ ਹੁੰਦਿਆਂ ਤੁਹਾਨੂੰ ਹਰ ਵਾਰ ਸਕਸ਼ਨ ਕਰਨ ਲਈ ਇੱਕ ਨਵਾਂ ਕੈਥੇਟਰ ਦਿੱਤਾ ਜਾਵੇਗਾ।

# ਆਪਣੀ ਲੈਰਿੰਜੈਕਟੋਮੀ ਟਿਊਬ ਨੂੰ ਕਿਵੇਂ ਕੱਢਣਾ, ਸਾਫ਼ ਕਰਨਾ ਅਤੇ ਦੁਬਾਰਾ ਲਗਾਉਣਾ ਹੈ


ਆਪਣੀ ਲੈਰਿੰਜੈਕਟੋਮੀ ਟਿਊਬ ਨੂੰ ਨਿਯਮਿਤ ਤੌਰ ’ਤੇ ਸਾਫ਼ ਕਰੋ ਤਾਂ ਜੋ ਇਹ ਰਸਾਵ ਤੋਂ ਮੁਕਤ ਰਹੇ। ਸਾਡਾ ਸੁਝਾਅ ਹੈ ਕਿ ਤੁਸੀਂ ਇਸ ਨੂੰ ਦਿਨ ਵਿੱਚ ਘੱਟੋ-ਘੱਟ ਦੋ ਵਾਰ ਜਾਂ ਲੋੜ ਅਨੁਸਾਰ ਇਸ ਤੋਂ ਵੱਧ ਵਾਰ ਸਾਫ਼ ਕਰੋ। ਤੁਹਾਡੀ ਨਰਸ ਤੁਹਾਨੂੰ ਸਿਖਾਏਗੀ ਕਿ ਇਹ ਕਿਵੇਂ ਕਰਨਾ ਹੈ।

1. ਆਪਣੀਆਂ ਸਪਲਾਈਆਂ ਇਕੱਠੀਆਂ ਕਰੋ। ਤੁਹਾਨੂੰ ਲੋੜ ਪਵੇਗੀ:
    - ਇੱਕ ਸ਼ੀਸ਼ਾ
    - ਇੱਕ ਨਾਈਲੋਨ ਟ੍ਰੈਕੀਓਸਟੋਮੀ ਬੁਰਸ਼
    - ਸੂਤੀ ਗਰਦਨ ਦੀ ਟੇਪ
    - ਕੈਂਚੀ
    - ਸਧਾਰਨ ਖਾਰਾ
    - ਰੂੰ ਵਾਲੀਆਂ ਸਟਿਕਾਂ
    - ਸਰਜੀਲਿਊਬ® (ਵਿਕਲਪਿਕ)
    - ਇੱਕ ਸਾਫ਼ ਅਤੇ ਸੁੱਕਾ ਕੱਪੜਾ ਜਾਂ ਕਾਗਜ਼ੀ ਤੌਲੀਆ (ਜਦੋਂ ਤੁਸੀਂ ਘਰ ਵਿੱਚ ਹੋਵੋ)
    - ਸਾਫ਼ ਅਤੇ ਸੁੱਕੇ ਗੌਜ਼ ਪੈਡ (ਜਦੋਂ ਤੁਸੀਂ ਹਸਪਤਾਲ ਵਿੱਚ ਹੋਵੋ)
2. ਸਾਬਣ ਅਤੇ ਪਾਣੀ ਨਾਲ ਆਪਣੇ ਹੱਥ ਚੰਗੀ ਤਰ੍ਹਾਂ ਧੋਵੋ।
3. ਸ਼ੀਸ਼ੇ ਵਾਲੇ ਸਿੰਕ ਦੇ ਸਾਹਮਣੇ ਖੜ੍ਹੇ ਹੋਵੋ ਜਾਂ ਬੈਠੋ।
4. ਆਪਣੀ ਗਰਦਨ ਵਾਲੀ ਟੇਪ ਨੂੰ ਖੋਲ੍ਹੋ ਜਾਂ ਕੱਟ ਦਿਓ।
5. ਆਪਣੇ ਸਟੋਮਾ ਵਿਚੋਂ ਟਿਊਬ ਨੂੰ ਕੱਢੋ।
6. ਲੈਰਿੰਜੈਕਟੋਮੀ ਟਿਊਬ ਦੇ ਅੰਦਰਲੇ ਹਿੱਸੇ ਨੂੰ ਸਾਫ਼ ਕਰਨ ਲਈ ਨਾਈਲੋਨ ਬੁਰਸ਼ ਦੀ ਵਰਤੋਂ ਕਰੋ (ਚਿੱਤਰ 2 ਵੇਖੋ)। ਫਿਰ ਟਿਊਬ ਨੂੰ ਕੋਸੇ ਵਗਦੇ ਪਾਣੀ ਹੇਠ ਰੱਖੋ।



ਚਿੱਤਰ 2. ਆਪਣੀ ਲੈਰਿੰਜੈਕਟੋਮੀ ਟਿਊਬ ਨੂੰ ਸਾਫ਼ ਕਰਨਾ

7. ਟਿਊਬ ਸਾਫ਼ ਹੋ ਜਾਣ ਤੋਂ ਬਾਅਦ, ਇਸ ਵਿੱਚੋਂ ਵਾਧੂ ਪਾਣੀ ਝਾੜ ਦਿਓ। ਟਿਊਬ ਨੂੰ ਇੱਕ ਸਾਫ਼ ਅਤੇ ਸੁੱਕੇ ਕੱਪੜੇ ਜਾਂ ਕਾਗਜ਼ੀ ਤੌਲੀਏ ਨਾਲ ਸੁਕਾਓ। (ਜੇ ਤੁਸੀਂ ਹਸਪਤਾਲ ਵਿੱਚ ਹੋ, ਤਾਂ ਇਸ ਦੀ ਜਗ੍ਹਾ ਗੌਜ਼ ਪੈਡ ਵਰਤੋ)।
8. ਟਿਊਬ ਦੇ ਪਾਸਿਆਂ ਵਾਲੇ ਸਲਾਟਾਂ ਵਿੱਚ ਸਾਫ਼ ਗਰਦਨ ਟੇਪ ਪਾਓ।
9. ਰੂੰ ਵਾਲੀਆਂ ਸਟਿਕਾਂ ਦੀ ਮਦਦ ਨਾਲ ਨਾਰਮਲ ਸੈਲਾਈਨ (ਸਧਾਰਨ ਖਾਰਾ) ਵਰਤ ਕੇ ਆਪਣੇ ਸਟੋਮਾ ਦੇ ਆਲੇ-ਦੁਆਲੇ ਦੀ ਚਮੜੀ ਨੂੰ ਹੌਲੀ-ਹੌਲੀ ਸਾਫ਼ ਕਰੋ।
10. ਟਿਊਬ ਦੇ ਬਾਹਰਲੇ ਹਿੱਸੇ ਉੱਤੇ ਪਾਣੀ ਜਾਂ ਸਰਜੀਲਿਊਬ ਲਗਾਓ।
11. ਆਪਣੀ ਠੋਡੀ ਨੂੰ ਹੌਲੀ ਜਿਹੀ ਆਪਣੀ ਛਾਤੀ ਵੱਲ ਝੁਕਾਓ।
12. ਆਪਣਾ ਸਾਹ ਰੋਕੋ ਅਤੇ ਟਿਊਬ ਨੂੰ ਆਪਣੇ ਸਟੋਮਾ ਵਿੱਚ ਪਾਓ (ਚਿੱਤਰ 3 ਵੇਖੋ)।



ਚਿੱਤਰ 3. ਆਪਣੀ ਲੈਰਿੰਜੈਕਟੋਮੀ ਟਿਊਬ ਨੂੰ ਲਗਾਉਣਾ

13. ਗਰਦਨ ਦੀ ਟੇਪ ਬੰਨ੍ਹੋ ਅਤੇ ਟੇਪ ਤੇ ਆਪਣੀ ਗਰਦਨ ਦੇ ਵਿਚਕਾਰ ਇੱਕ ਉਂਗਲ ਜਿੰਨੀ ਜਗ੍ਹਾ ਛੱਡੋ।
14. ਨਾਈਲੋਨ ਟ੍ਰੈਕੀਓਸਟੋਮੀ ਬੁਰਸ਼ ਨੂੰ ਚੱਲਦੇ ਪਾਣੀ ਹੇਠ ਧੋਵੋ।

ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ। ਤੁਹਾਡੀ ਦੇਖਭਾਲ ਟੀਮ ਦਾ ਇੱਕ ਮੈਂਬਰ ਜਵਾਬ ਦੇਣ ਲਈ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਉਪਲਬੱਧ ਹੋਵੇਗਾ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਨਿਰਧਾਰਤ ਸਮਿਆਂ ਤੋਂ ਬਾਹਰ, ਤੁਸੀਂ ਇੱਕ ਸੁਨੇਹਾ ਛੱਡ ਸਕਦੇ ਹੋ ਜਾਂ ਕਿਸੇ ਹੋਰ MSK ਪ੍ਰਦਾਤਾ ਨਾਲ ਗੱਲ ਕਰ ਸਕਦੇ ਹੋ। ਕਾਲ 'ਤੇ ਹਮੇਸ਼ਾ ਇੱਕ ਡਾਕਟਰ ਜਾਂ ਨਰਸ ਮੌਜੂਦ ਹੁੰਦੇ ਹਨ। ਜੇਕਰ ਤੁਹਾਨੂੰ ਯਕੀਨ ਨਹੀਂ ਹੈ ਕਿ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਕਿਵੇਂ ਸੰਪਰਕ ਕਰਨਾ ਹੈ,ਤਾਂ 212-639-2000 'ਤੇ ਕਾਲ ਕਰੋ।

ਹੋਰ ਸਰੋਤਾਂ ਲਈ, ਸਾਡੀ ਵਰਚੁਅਲ ਲਾਇਬ੍ਰੇਰੀ ਨੂੰ ਖੋਜਣ ਲਈ www.mskcc.org/pe 'ਤੇ ਜਾਓ।

Caring for Your Laryngectomy Stoma - Last updated on June 23, 2021
ਸਾਰੇ ਅਧਿਕਾਰ ਮੈਮੋਰੀਅਲ ਸਲੋਨ ਕੇਟਰਿੰਗ ਕੈਂਸਰ ਸੈਂਟਰ ਦੀ ਮਲਕੀਅਤ ਅਤੇ ਇਸ ਲਈ ਰਾਖਵੇਂ ਹਨ